


** ਸਵਾਲ: ਕੀ? . .'ਅਕਾਲ-ਪੁਰਖ, ਕਰਤਾ-ਕਰਤਾਰ, ਰੱਬ'. .

ਕੋਈ ਪ੍ਰਾਪਤ ਕਰਨ ਵਾਲੀ/ਲੱਭਣ ਵਾਲੀ. . .

. ਸ਼ੈਅ ਹੈ,

. ਵਸਤੂ ਹੈ,

. ਪਦਾਰਥ ਹੈ.

ਜੀ ਨਹੀਂ. . . . ਬਿੱਲਕੁੱਲ ਵੀ ਨਹੀਂ।

- 'ਅਕਾਲ-ਪੁਰਖ, ਕਰਤਾ-ਕਰਤਾਰ, ਰੱਬ' ;
- ਨਾ ਤਾਂ ਕੋਈ ਸ਼ੈਅ ਨਹੀਂ,
- ਨਾ ਹੀ ਕੋਈ ਵਸਤੂ ਹੈ,
- ਨਾ ਹੀ ਪਦਾਰਥ ਹੈ।
- ਉਸਦਾ ਕੋਈ ਵਯੂਦ ਨਹੀਂ। ਰੂਪੁ ਨ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ॥ ਤਿਸਹਿ ਬੁਝਾਏ ਨਾਨਕਾ ਜਿਸੁ ਹੋਵੈ ਸੁਪ੍ਰਸੰਨ॥ ਮ5॥ 283॥
- ਉਹ ਅਜੂਨੀ ਹੈ, ਅਬਿਨਾਸੀ ਹੈ। ਇਨ੍ਹਾਂ ਮਨੁੱਖੀ ਅੱਖਾਂ ਨਾਲ ਵੇਖਣ ਵਿੱਚ ਨਹੀਂ ਆ ਸਕਦਾ। . . ਰੂਪੁ ਨ ਰੇਖ ਨ ਪੰਚ ਤਤ ਠਾਕੁਰ ਅਬਿਨਾਸ॥ ਮ5॥ 816॥

- ਬਲਕਿ ਉਹ (ਅਕਾਲ-ਪੁਰਖ, ਕਰਤਾ-ਕਰਤਾਰ, ਰੱਬ) ਤਾਂ. . . ਸਰਬ-ਵਿਆਪੱਕ ਨੂਰ ਹੈ,
- ਚਾਨਣ ਹੈ,
- ਚੇਤਨਤਾ ਹੈ,
- ਗਿਆਨ ਹੈ,
- ਪੂਰੀ ਕਾਇਨਾਤ ਵਿੱਚ ਵਿਆਪੱਕ ਹੈ।
- ਹਰ ਪਾਸੇ ਰਮਿਆ ਹੈ, . . ਸਮਾਇਆ ਹੈ, . . ਭਰਪੂਰਿ ਹੈ:-



- "ਬਲਿਹਾਰੀ ਕੁਦਰਤਿ ਵਸਿਆ॥ ਮ1॥ 469॥
- ਮ5॥ ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ॥ ਮੰਦਾ ਕਿਸ ਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ॥ 1381॥
- ਕਬੀਰ ਜੀ॥ ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ॥ ਰਹਾਉ॥ 1349॥
- 'ਜਲਿ ਥਲਿ ਮਹੀਅਲਿ ਰਹਿਆ ਭਰਪੂਰਿ ਦੂਜਾ ਨਾਹਿ ਕੋਇ॥'॥ ਮ3॥ 89॥

  'ਰਿਗੁ ਕਹੈ ਰਹਿਆ ਭਰਪੂਰਿ'॥ ਮ1॥ 470

  'ਸਭ ਮਹਿ ਆਪਿ ਰਹਿਆ ਭਰਪੂਰਿ'॥ ਮ3॥ 113॥
- ਘਟ ਘਟ ਅੰਤਰਿ ਤੂੰਹੈ ਵੁਠਾ॥ ਮ5॥ 97॥

- ਤੂੰ ਘਟ ਘਟ ਅੰਤਰਿ ਸਰਬ ਨਿਰੰਤਰਿ ਜੀ ਹਰਿ ਏਕੋ ਪੁਰਖੁ ਸਮਾਣਾ। ਮ4॥ 348॥
- ਘਟ ਘਟ ਅੰਤਰਿ ਰਵਿ ਰਹਿਆ ਸਦਾ ਸਹਾਈ ਸੰਗਿ॥ ਮ5॥ 48॥
- ਪ੍ਰਭੁ ਅਬਿਨਾਸੀ ਬਸਿਆ ਘਟ ਭੀਤਰਿ ਹਰਿ ਮੰਗਲੁ ਨਾਨਕੁ ਗਾਵੈ ਜੀਉ॥ ਮ5॥ 98॥
- ਸਚੁ ਸਲਾਹੇ ਸਭ ਘਟ ਅੰਤਰਿ ਸਚੋ ਸਚੁ ਸੁਹਾਵਣਿਆ॥ ਮ3॥ 120॥
- ਸਭ ਘਟ ਆਪੇ ਭੋਗਣਹਾਰਾ॥ ਮ3॥ 113॥
- ਸਭਿ ਘਟ ਆਪੇ ਭੋਗਵੈ ਪਿਆਰਾ ਵਿਚਿ ਨਾਰੀ ਪੁਰਖ ਸਭੁ ਸੋਇ॥ ਮ4॥ 605॥

## ## ਜਦ! ! !

*'ਅਕਾਲ-ਪੁਰਖ, ਕਰਤਾ-ਕਰਤਾਰ, ਰੱਬ'*. . . ਤਾਂ

. ਮੇਰੇ ਆਪਣੇ ਨਿਜ਼ ਵਯੂਦ ਦੇ. . .

. ਆਸੇ-ਪਾਸੇ,

. ਉੱਪਰ-ਨੀਚੇ,

. ਅੱਗੇ-ਪਿਛੇ,

. ਅੰਦਰ-ਬਾਹਰ,

. ਬ੍ਰਹਿਮੰਡ/ਕੁੱਦਰਤ ਵਿੱਚ ਭਰਪੁਰਿ ਹੈ:

- ਤਾਂ. . . ਮੈਂ! ! ਕਿਸ/ਕਿਹੜੇ *'ਅਕਾਲ-ਪੁਰਖ, ਕਰਤਾ-ਕਰਤਾਰ, ਰੱਬ'* ਨੂੰ ਲੱਭਣ ਲਈ ਤੀਰਥ ਯਾਤਰਾਵਾਂ ਰਿਹਾ ਹਾਂ? ? ?
- ਤਾਂ. . . ਮੈ! ! ਕਿਸ/ਕਿਹੜੇ *'ਅਕਾਲ-ਪੁਰਖ, ਕਰਤਾ-ਕਰਤਾਰ, ਰੱਬ'* ਨੂੰ ਪ੍ਰਾਪਤ ਕਰਨ ਦੀ ਇੱਛਾ ਮਨ ਵਿੱਚ ਬਣਾਈ ਬੈਠਾ ਹਾਂ, ਪਾਲੀ ਬੈਠਾ ਹਾਂ? ? ?
- ਤਾਂ. . . ਮੈ! ! ਕਿਸ/ਕਿਹੜੇ *'ਅਕਾਲ-ਪੁਰਖ, ਕਰਤਾ-ਕਰਤਾਰ, ਰੱਬ'* ਨੂੰ ਰੀਝਾਉਣ ਲਈ/ਖੁਸ਼ ਕਰਨ ਲਈ ਬਾਣੀ ਦਾ ਤੋਤਾ ਰਟਣ ਕਰ ਰਿਹਾਂ ਹਾਂ ? ? ?

- ਤਾਂ. . . ਮੈ! ! ਕਿਸ/ਕਿਹੜੇ *'ਅਕਾਲ-ਪੁਰਖ, ਕਰਤਾ-ਕਰਤਾਰ, ਰੱਬ'* ਨੂੰ ਆਪਣੇ ਸਾਹਮਣੇ ਪ੍ਰਗਟ ਕਰਨ/ਕਰਾਉਣ ਲਈ ਹੱਥ ਵਿੱਚ 108 ਮਣਕਿਆਂ ਦੀ ਮਾਲਾ ਫੜ "ਮਣਕੇ ਤੇ ਮਣਕਾ, ਠਾਹ ਮਣਕਾ" ਸਿੱਟੀ ਜਾ ਰਿਹਾ ਹਾਂ ? ? ?
- ਤਾਂ. . . ਮੈ! ! ਕਿਸ/ਕਿਹੜੇ *'ਅਕਾਲ-ਪੁਰਖ, ਕਰਤਾ-ਕਰਤਾਰ, ਰੱਬ'* ਦੇ ਦਰਸਨਾਂ ਲਈ ਤੱਪ/ਯੋਗ ਸਾਧਨਾ ਦੇ ਕਰਮਕਾਂਡਾਂ ਵਿੱਚ ਉਲਝਿਆ ਹੋਇਆ ਹਾਂ ? ? ? ?
- ਤਾਂ. . . ਮੈ! ! ਕਿਸ/ਕਿਹੜੇ *'ਅਕਾਲ-ਪੁਰਖ, ਕਰਤਾ-ਕਰਤਾਰ, ਰੱਬ'* ਨੂੰ ਵੇਖਣ ਲਈ ਤਰਾਂ-ਤਰਾਂ ਦੇ. . ਪਾਖੰਡ, . . ਅਡੰਬਰ, . . ਕਰਮਕਾਂਡ, . . ਮੜੀਆਂ-ਮਸ਼ਾਣਾਂ-ਕਬਰਾਂ ਤੇ ਮੱਥੇ ਟੇਕਣੇ, . ਸਿਵਿਆਂ ਵਿੱਚ ਬੈਠ ਕੇ ਧੂਣੇ ਤਪਾਉਣੇ, . . ਨਦੀਆਂ-ਨਾਲਿਆਂ-ਸਰੋਵਰਾਂ ਦੇ ਇਸ਼ਨਾਨ, . . ਸਵਾ-ਸਵਾ ਲੱਖ ਰੁਪਏ ਦੇ ਰੁਮਾਲੇ, . . ਬੱਕਰਿਆਂ ਦੀਆਂ ਬਲੀਆਂ, . . ਜਲੂਸ/ਨਗਰ ਕੀਰਤਨ, . ਸੱਚਖੰਡ ਵਾਲੇ ਕਮਰ ਬਨਾਉਣੇ, ਸਿੱਖ ਕੀ ਕੁੱਝ ਨਹੀਂ ਕਰੀ ਜਾ ਰਿਹਾ ਹਾਂ? ? ? ?
- . ਸਿੱਖ ਕੀ ਕੀ ਵਿਖਾਵੇ ਵਾਲੇ ਕਰਮਕਾਂਡ ਨਹੀਂ ਕਰ ਰਿਹਾ? ? ?

## . ਕੀ ਬਲੀਆਂ ਦੇ ਕੇ,

## ਬਕਰੇ ਵੱਢ ਕੇ,

## ਤਾਜ਼ੇ ਖੂਨ ਦੇ ਤਲਵਾਰਾਂ ਬਰਛੀਆਂ ਨੂੰ ਟਿੱਕੇ ਲਗਾ ਕੇ,

## ਲਗਾਤਾਰ ਪਾਠਾਂ ਦੀਆਂ ਕੋਤਰੀਆਂ ਕਰ ਕੇ,

## ਕਰਮਕਾਂਡ ਕਰਕੇ,

## ਆਰਤੀਆਂ ਕਰਕੇ,

## ਮਨਾਉਂਤਾ ਮਨਾ ਕੇ,

## ਕਿਰਤਮ ਨਾਮ ਦਾ ਤੋਤਾ ਰਟਣ ਕਰਕੇ,

## ਦੀਵੇ ਜਗਾ ਕੇ,

## ਮਾਲਾ ਫੇਰ ਕੇ,

. ਪਾਇਆ ਜਾ ਸਕਦਾ ਹੈ. . . . ਨਹੀਂ।

. ਲੱਭਿਆ ਜਾ ਸਕਦਾ ਹੈ. . . . ਨਹੀਂ।

. ਖੁਸ਼ ਕੀਤਾ ਜਾ ਸਕਦਾ ਹੈ. . . ਨਹੀਂ।

. ਰੀਝਾਇਆ ਜਾ ਸਕਦਾ ਹੈ. . . ਨਹੀਂ।

. ਤਾਂ ਫਿਰ ਸਿੱਖ ਨੂੰ ਕੀ ਕਰਨਾ ਚਾਹੀਦਾ ਹੈ. . ? ? ?

. ਤਾਂ ਫਿਰ ਸਿੱਖ ਨੂੰ ਕੀ ਕਰਨਾ ਬਣਦਾ ਹੈ. . . ? ? ?

. ਉਸ ( *'ਅਕਾਲ-ਪੁਰਖ, ਕਰਤਾ-ਕਰਤਾਰ, ਵਾਹਿਗੁਰੂ, ਰੱਬ'* ) ਬਾਰੇ 'ਗਿਆਨ, ਜਾਣਕਾਰੀ, ਸਮਝ' ਲੈ ਕੇ ਆਪਣੇ ਮਨੁੱਖਾ ਜੀਵਨ ਵਿੱਚ ਆਤਮ-ਨਿਰਭਰ ਹੋਣਾ ਹੈ, ਜ਼ਿੰਮੇਂਵਾਰ ਬਨਣਾ ਹੈ, ਆਪਣੀਆਂ ਬਣਦੀਆਂ ਜ਼ਿੰਮੇਵਾਰੀਆਂ ਨੂੰ ਨਿਭਾਉਣਾ ਕਰਨਾ ਹੈ। ਉਸਨੂੰ ਆਪਣੇ ਅੰਗ-ਸੰਗ ਮਹਿਸੂਸ ਕਰਨਾ ਹੈ, ਸਮਝਣਾ ਹੈ। "ਗੁਰੁ ਮੇਰੈ ਸੰਗਿ ਸਦਾ ਹੈ ਨਾਲੇ॥ ਸਿਮਰਿ ਸਿਮਰਿ ਤਿਸੁ ਸਦਾ ਸਮ੍ਾਲੇ॥ ਰਹਾਉ॥ ਮ5॥ 394॥

***.'ਗੁਰਮੱਤ ਗੁਰਬਾਣੀ ਗਿਆਨ' ਇਹੀ ਗਿਆਨ, ਸਮਝ, ਜਾਣਕਾਰੀ, 'ਸਚਿਆਰਤਾ' ਵਾਲਾ ਰਾਹ ਵਿਖਾਉਂਦਾ ਹੈ, ਸਮਝਾਉਂਦਾ ਹੈ, ਇਸ ਰਾਹ ਉੱਪਰ ਚਲਣ ਲਈ ਪ੍ਰੇਰਤ ਕਰਦਾ ਹੈ।***




. ਕੁੱਦਰਤ/ਕਰਤਾਰ ਨੇ ਚਾਰੋਂ ਖਾਣੀਆਂ (ਅੰਡਜ਼, ਜੇਰਜ਼, ਉੱਤਭੁਜ, ਸੇਤਜ਼) ਵਿੱਚ ਅਨੇਕਾਂ ਜੀਵਾਂ ਦੀ ਸਿਰਜਨਾ ਕੀਤੀ।

.'ਕਰਤੇ' ਨੇ ਸਿਰਜਨਾ ਵੀ ਇਸ ਤਰਾਂ ਨਾਲ ਕੀਤੀ, ਕਿ ਜੋ ਜੀਵ ਬਣਾਇਆ, ਪੈਦਾ ਕੀਤਾ, ਇੱਕ ਦਿਨ ਉਸਦਾ ਅੰਤ ਵੀ ਤਹਿ ਕੀਤਾ ਹੈ।

. ਸਿਰਜਨਾ ਕਰਨ ਦੇ ਨਾਲ-ਨਾਲ ਸਾਰਿਆਂ ਜੀਵਾਂ ਨੂੰ ਬਾ-ਕਮਾਲ ਸਰੀਰ ਦੇਣੇ ਕੀਤੇ। ਸਰੀਰ ਵੀ ਇਤਨੇ ਸੰਪੂਰਨ ਕਿ ਜੀਵ ਆਪਣਾ ਜੀਵਨ ਬੜੇ ਅਨੰਦ ਨਾਲ ਜਿਉਂ ਸਕਦਾ ਹੈ।

. ਸਰੀਰਿੱਕ ਸੰਪੂਰਨਤਾ ਦੇ ਨਾਲ-ਨਾਲ ਜੀਵ ਨੂੰ ਆਜ਼ਾਦ ਵਿਚਰਨ, ਖਾਣ-ਪੀਣ, ਸੋਚਣ-ਸਮਝਣ, ਵਰਤਣ-ਵਰਤਾਉਂਣ, ਬੋਲਚਾਲ, ਰਹਿਣ, ਬਹਿਣ, ਸਹਿਣ, ਕਹਿਣ ਦੀ ਵੀ ਅਜ਼ਾਦੀ ਹੈ। ਆਪਣੇ ਫੈਸਲੇ ਆਪ ਲੈਣ ਦੀ ਵੀ ਅਜ਼ਾਦੀ ਹੈ।

. ਮਨੁੱਖਤਾ ਦੇ ਸੁਰੂਆਤ ਦੇ ਸਮੇਂ ਵਿੱਚ ਮਨੁੱਖ ਨੂੰ ਆਪਣੇ "ਕਰਤੇ-ਕਰਤਾਰ, ਸਿਰਜਨਹਾਰ" ਬਾਰੇ ਕੁੱਝ ਵੀ ਗਿਆਨ/ਜਾਣਕਾਰੀ ਨਹੀਂ ਸੀ, ਕਿ ਕਿਸ ਨੂਰ/ਤਾਕਤ/ਸ਼ਕਤੀ ਨੇ ਉਸਦੀ ਸਿਰਜਨਾ ਕੀਤੀ ਹੈ? ?

. ਉਸੇ "ਕਰਤੇ-ਕਰਤਾਰ, ਸਿਰਜਨਹਾਰ" ਨੂੰ ਹੀ ਅੱਜ ਅਸੀਂ ਮਨੁੱਖ. . .'ਰੱਬ', ਵਾਹਿਗੁਰੂ, ਅੱਲਾ, ਰਾਮ, ਰਹੀਮ, ਗੌਡ', ਕਹਿ ਕੇ ਯਾਦ ਕਰਦੇ ਹਾਂ, ਯਾਦ ਕੀਤਾ ਜਾਂਦਾ

ਹੈ। ਉਸਦੇ ਤਰਾਂ ਤਰਾਂ ਦੇ ਨਾਮ ਰੱਖੇ ਹਨ। "ਕਿਰਤਮ ਨਾਮ ਕਥੇ ਤੇਰੇ ਜਿਹਬਾ॥ ਸਤਿ ਨਾਮੁ ਤੇਰਾ ਪਰਾ ਪੂਰਬਲਾ॥

ਮ5॥ 1082॥

. ਸੁਰੂਆਤ ਵਿੱਚ ਮਨੁੱਖ ਨੂੰ ਕਿਸੇ ਵੀ ਕਿਸਮ ਦਾ ਕੋਈ ਡਰ/ਭਉ ਵੀ ਨਹੀਂ ਸੀ, ਪਰ ਹੋਲੀ-ਹੋਲੀ ਸਮਾਂ ਬੀਤਣ ਦੇ ਨਾਲ ਨਾਲ ਮਨੁੱਖ ਕੁੱਦਰਤੀ ਸ਼ਕਤੀਆਂ ਦੀ ਤਾਕਤ ਵੇਖ ਕੇ ਡਰਨ ਲੱਗ ਪਿਆ।

. ਇਹਨਾਂ ਕੁੱਦਰਤੀ ਸ਼ਕਤੀਆਂ ਦੇ ਬਾਰੇ ਜਾਣਕਾਰੀ/ਗਿਆਨ ਨਾ ਹੋਣ ਕਰਕੇ, ਮਨੁੱਖ ਦੇ ਮਨ ਵਿੱਚ ਇਹਨਾਂ ਸ਼ਕਤੀਆਂ ਪ੍ਰਤੀ ਡਰ ਪੈਦਾ ਹੋ ਗਿਆ। ਇਸੇ ਮਾਨਸਿੱਕ ਡਰ ਦੇ ਕਾਰਨ ਹੀ "ਧਰਮ" ਦੇ ਖੇਤਰ ਵਿੱਚ ਵੀ ਮਨੁੱਖ:

.'ਰੱਬ' ਦੇ ਡਰ ਕਾਰਨ,

.'ਰੱਬ' ਨੂੰ ਖੁਸ਼ ਕਰਨ ਲਈ,

. ਰੀਝਾਉਂਣ ਲਈ,

. ਪ੍ਰਾਪਤ ਕਰਨ ਲਈ,

.'ਰੱਬ' ਨੂੰ ਪਾਉਂਣ ਦੇ ਚੱਕਰਾਂ ਦੇ ਗੋਰਖ-ਧੰਧੇ ਵਿੱਚ ਉੱਲਝ ਕੇ ਰਹਿ ਗਿਆ ਹੈ।

. ਮਨੁੱਖੀ ਸਿਰਜਨਾ ਦੇ ਸੁਰੂਆਤੀ ਸਮੇਂ/ਦੌਰ ਦੇ ਵਿੱਚ ਮਨੁੱਖ ਦੇ ਪਾਸ/ਕੋਲ ਜੀਵਨ ਜਿਉਂਣ ਦਾ, ਕੰਮਕਾਰ ਦਾ, ਕੋਈ ਤਾਜ਼ੁਰਬਾ ਨਹੀਂ ਸੀ। ਜਿਵੇਂ-ਤਿਵੇਂ ਆਪਣਾ ਪੇਟ/ਢਿੱਡ ਭਰਨ ਦੇ ਜੁਗਾੜ ਵਿੱਚ ਰਹਿੰਦਾ ਹੋਵੇਗਾ। ਨਰ/ਮਾਦਾ ਦੇ ਆਪਸੀ ਸਰੀਰਿੱਕ ਸੰਬੰਧਾਂ ਕਰਕੇ ਬੱਚੇ ਪੈਦਾ ਹੋਣੇ ਸੁਰੂ ਹੋ ਗਏ।

. ਅਗਿਆਨਤਾ, ਅਨਪੜ੍ਹਤਾ, ਕਰਕੇ ਦਿਮਾਗ ਅੱਗੇ ਵਿਕਾਸ ਨਹੀਂ ਕਰ ਰਿਹਾ ਸੀ। ਜਿਵੇਂ ਕਹਾਵਤ ਹੈ "ਲੋੜ ਕਾਢ ਦੀ ਮਾਂ ਹੈ", ਲੋੜਾਂ ਨੇ ਮਨੁੱਖ ਨੂੰ ਨਵੇਂ ਨਵੇਂ ਤਾਜ਼ੁਰਬੇ ਕਰਨ ਲਈ ਮਜ਼ਬੂਰ ਕੀਤਾ। ਪਰ ਕੋਈ ਤਾਜ਼ੁਰਬਾ ਨਾ ਹੋਣ ਕਰਕੇ ਮਨੁੱਖ ਹਮੇਸ਼ਾ ਉੱਲਝਨ ਭਰਿਆ ਜੀਵਨ ਬਤੀਤ ਕਰਨ ਲਈ ਮਜ਼ਬੂਰ ਸੀ।

. ਮਨੁੱਖ ਨੂੰ ਆਪਣੇ ਆਸੇ-ਪਾਸੇ, ਉੱਪਰ ਨੀਚੇ ਵਾਪਰ ਰਹੀਆਂ ਘਟਨਾਵਾਂ/ ਹਾਲਾਤਾਂ ਦੇ ਬਾਰੇ ਵੀ ਕੋਈ ਜਾਣਕਾਰੀ ਹੀ ਨਹੀਂ ਸੀ।

. ਅੱਗ, ਹਵਾ, ਪਾਣੀ, ਧਰਤੀ ਉੱਪਰ ਆਕਾਸ਼ ਬਾਰੇ ਕੁੱਝ ਵੀ ਜਾਣਕਾਰੀ/ ਗਿਆਨ ਨਹੀਂ ਸੀ।

. ਸੂਰਜ, ਚੰਦਰਮਾ, ਤਾਰਿਆਂ ਬਾਰੇ ਤਾਂ ਮਨੁੱਖ ਆਕਾਸ਼ ਵੱਲ ਨੂੰ ਬੜਾ ਆਚੰਬਤ ਹੋ ਕੇ ਦੇਖਦਾ ਹੋਵੇਗਾ।

. ਜਦ ਕਦੇ ਸੂਰਜ ਗ੍ਰਹਿਣ ਜਾਂ ਚੰਦਰਮਾ ਗ੍ਰਹਿਣ ਲੱਗਦਾ ਹੋਵੇਗਾ ਤਾਂ ਮਨੁੱਖ ਬਹੁੱਤ ਡਰ ਜਾਂਦਾ ਹੋਵੇਗਾ, ਕੇ ਇਹ ਕੀ ਬਲਾ ਆ ਗਈ ਜਿਸਨੇ ਸੂਰਜ ਨੂੰ ਖਾ ਲਿਆ, ਜਾਂ ਚੰਦਰਮਾ ਨੂੰ ਨਿਗ਼ਲ ਲਿਆ।

- ਆਸਮਾਨ ਵਿੱਚ ਕਾਲੇ ਬੱਦਲਾਂ ਦੀ ਗੜਗਹਾਹਟ,
- ਬਿੱਜਲੀ ਦਾ ਲਿਸ਼ਕਣਾ ਅਤੇ ਕੜ-ਕੜ ਕੜਕਦੀ ਆਵਾਜ਼,
- ਮੋਹਲੇਧਾਰ ਬਾਰਸ਼ਾਂ ਵਿੱਚ ਪਾਣੀ ਦਾ ਆਸਮਾਨੋਂ ਡਿੱਗਣਾ,
- ਬਾਰਸ਼ਾਂ ਵਿੱਚ ਅਸਮਾਨ ਤੋਂ ਬਰਫ਼ ਰੂਪੀ ਗੜਿਆਂ ਦਾ ਡਿੱਗਣਾ।
- ਜੰਗਲਾਂ ਵਿੱਚ ਅਚਾਨਕ ਅੱਗ ਦਾ ਲੱਗ ਜਾਣਾ।
- ਅਚਾਨਕ ਧਰਤੀ ਉੱਪਰ ਹੜਾਂ ਦਾ ਆ ਜਾਣਾ।
- ਮਨੁੱਖ ਲਈ ਸਾਰਾ ਕੁੱਝ ਹੈਰਾਨ ਆਚੰਬਤ ਕਰਨ ਵਾਲਾ ਹੋਵੇਗਾ।

** ਸਮਾਂ ਬੀਤਦੇ-ਬੀਤਦੇ ਮਨੁੱਖਾ ਨੇ ਆਪਣੇ ਜੀਵਨ ਦੇ ਤਾਜ਼ੁਰਬਿਆਂ ਵਿਚੋਂ ਹੀ ਸਿੱਖਣਾ ਸੁਰੂ ਕੀਤਾ। ਲੋਕਾਂ ਨੇ ਅਲੱਗ ਅਲੱਗ ਕਿੱਤਿਆਂ ਨੂੰ ਅਪਨਾਉਂਣਾ ਕੀਤਾ।

. ਕਈਆਂ ਨੇ ਹੱਥੀਂ ਕੰਮ ਕਰਨ ਨੂੰ ਪਹਿਲ ਦਿੱਤੀ ਹੋਵੇਗੀ।

. ਕਈਆਂ ਨੇ ਆਪਣਾ ਧੰਧਾ ਕਰਨ ਵਾਲੇ ਪਾਸੇ ਧਿਆਨ ਲਾਇਆ ਹੋਵੇਗਾ।

. ਬਹੁਤਿਆਂ ਨੇ ਖੇਤੀ ਕਰਨ ਨੂੰ ਤਰਜ਼ੀਹ ਦਿੱਤੀ ਹੋਵੇਗੀ।

. ਜਿਵੇਂ-ਜਿਵੇਂ ਲੋੜਾਂ ਵੱਧਦੀਆਂ ਗਈਆਂ, ਤਿਵੇਂ-ਤਿਵੇਂ ਤਕਨੀਕੀ ਵਿਕਾਸ ਵੀ ਹੁੰਦਾ ਗਿਆ।

. ਦਿਮਾਗ਼ੀ ਪੜ੍ਹਾਈ ਕਰਨ ਵਾਲੇ ਬਹੁਤ ਥੋੜੇ ਹੋਣਗੇ।

. ਦਿਮਾਗ਼ੀ ਪੜ੍ਹਾਈ ਕਰਨ ਵਾਲਿਆਂ ਵਿਚੋਂ ਹੀ ਸ਼ਾਤਿਰ ਦਿਮਾਗ਼ ਮਨੁੱਖਾਂ ਨੇ "ਧਰਮ" ਨਾਂ ਦੀ ਦੁਕਾਨਦਾਰੀ ਵੀ ਸੁਰੂ ਕਰ ਦਿੱਤੀ ਹੋਵੇਗੀ।

.'ਧਰਮ' ਨਾਮ ਦੀ ਦੁਕਾਨਦਾਰੀ ਨੇ ਹੀ ਮਨੁੱਖਾ ਸੰਸਾਰ ਵਿੱਚ 'ਕਰਤੇ-ਕਰਤਾਰ' ਦੇ ਬਾਰੇ 'ਡਰ' ਪੈਦਾ ਕਰਨਾ ਕੀਤਾ।

. ਇਸੇ 'ਡਰ' ਦੇ ਤਹਿਤ ਹੀ ਬ੍ਰਾਹਮਣ/ਪੁਜਾਰੀ/ਪਾਂਡੇ/ਭਾਈਆਂ ਨੇ 'ਕਰਤੇ-ਕਰਤਾਰ' ਨੂੰ ਰੀਝਾਉਣ/ਪਾਉਂਣ/ਖੁਸ਼ ਕਰਨ ਕਰਨ-ਕਰਾਉਣ ਦੀਆਂ ਤਰਕੀਬਾਂ ਦੱਸਣੀਆਂ ਸੁਰੂ ਕੀਤੀਆਂ।

. ਅੱਜ ਦਾ ਮਨੁੱਖ 'ਧਰਮ' ਦੇ ਵਿਉਪਾਰ ਖੇਤਰ ਵਿੱਚ ਬ੍ਰਾਹਮਣ/ਪੁਜਾਰੀ/ ਪਾਂਡੇ/ਭਾਈਆਂ ਦੀਆਂ ਦੱਸੀਆਂ ਤਰਕੀਬਾਂ ਅਨੁਸਾਰ ( 'ਅਕਾਲ-ਪੁਰਖ, ਕਰਤੇ-ਕਰਤਾਰ, ਰੱਬ' ) ਨੂੰ ਪਰੈਕਟੀਕਲੀ ਲੱਭਣ/ਪਾਉਣ ਦੇ ਚੱਕਰ ਵਿੱਚ ਉੱਲਝ ਕੇ ਰਹਿ ਗਿਆ ਹੈ। ਗੋਰਖਧੰਧੇ ਵਿੱਚ ਫੱਸ ਗਿਆ ਹੈ।

.'ਧਰਮ' ਦੇ ਨਾਮ ਥੱਲੇ ਚੱਲ ਰਹੇ ਗੁਰਦੁਆਰਿਆਂ, ਡੇਰੇ, ਮੰਦਿਰ, ਮਸਜਿੱਦ, ਦੇ ਡੇਰੇਦਾਰ, ਪੰਡਿਤ, ਕੰਟਰੋਲਰ, ਪਰਬੰਧਕ ਕਮੇਟੀਆਂ ਅਰਬਾਂ-ਖਰਬਾਂ ਰੁਪਇਆਂ ਦੀ ਜਾਇਦਾਤ ਦੇ ਮਾਲਿਕ ਹਨ। ਅਗਿਆਨੀ ਲੋਕ ਅੰਧ-ਵਿਸਵਾਸ਼ ਦੇ ਤਹਿਤ ਆਪਣੀ ਹੱਕ-ਜਲਾਲ ਦੀ ਕਮਾਈ ਇਹਨਾਂ ਮੰਦਿਰਾਂ, ਮਸਜਿੱਦਾਂ, ਗੁਰਦੁਆਰਿਆਂ ਵਿੱਚ ਅਜਾਂਈ ਲੁਟਾ ਰਹੇ ਹਨ।

. ਮਨੁੱਖੀ ਮਨ ਵਿੱਚ 'ਰੱਬ' ਦੀ ਪ੍ਰਾਪਤੀ ਦੀ ਭਾਵਨਾ ਨੇ ਹੀ ਅਗਿਆਨੀ ਲੋਕਾਂ ਨੂੰ ਅੰਧ-ਭਗਤ ਬਣਾ ਛੱਡਿਆ ਹੈ। ਜਦ ਕਿ ਅਜੇਹਾ ਕਦੇ ਵੀ ਨਹੀਂ ਹੋਣ ਵਾਲਾ।

. ਸਨਾਤਨ ਮੱਤ ਵਿੱਚ ਤਾਂ ਅਜੇਹੀਆਂ ਬਿਨਾਂ ਸਿਰ ਪੈਰ ਦੀਆਂ ਅਨੇਕਾਂ ਪੌਰਾਣਿੱਕ ਕਥਾ-ਕਹਾਣੀਆਂ, ਸਾਖੀਆਂ ਹਨ, ਜਿਹਨਾਂ ਵਿੱਚ ਕਰਤੇ-ਕਰਤਾਰ ਨੂੰ ਪੂਜਾਰੀ, ਪੰਡਿਤ ਨੇ ਆਪਣੀ ਮਰਜ਼ੀ ਦੇ ਮੁਤਾਬਿੱਕ ਚਲਾਉਣਾ ਦਿਖਾਉਣਾ ਕੀਤਾ ਹੈ।

. ਸਿੱਖ ਸਮਾਜ ਵਿੱਚ ਵੀ ਗਪੌੜੀ ਲਿਖਾਰੀ ਸੰਤੋਖ ਸਿਹੁੰ ਦੀ ਗਪੌੜ ਲਿਖਤ 'ਗੁਰਪ੍ਰਤਾਪ ਸੂਰਜ' ਅਜੇਹੀਆਂ ਗਪੌੜੀ ਕਥ-ਕਹਾਣੀਆਂ, ਸਾਖੀਆਂ ਨਾਲ ਭਰਿਆ ਪਿਆ ਹੈ। ਕੂੜ-ਗਰੰਥ, ਗੁਰਬਿਲਾਸ ਪਾ ਛੇਵੀਂ, ਵੀ ਇਸੇ ਤਰਜ਼ ਉੱਪਰ ਲਿਖਤ ਕਿਤਾਬਚੇ ਹੋਂਦ ਵਿੱਚ ਆਏ ਹਨ।

. ( 'ਅਕਾਲ-ਪੁਰਖ, ਕਰਤਾ-ਕਰਤਾਰ, ਰੱਬ' ) ਗਿਆਨ ਦਾ ਵਿਸ਼ਾ ਹੈ, ਸਮਝਣ ਦਾ ਵਿਸ਼ਾ ਹੈ, ਉਸ ਪ੍ਰਤੀ ਜਾਣਕਾਰੀ ਲੈਣ ਦਾ ਵਿਸ਼ਾ ਹੈ।

. ਉਸਨੂੰ ਸਮਝ ਕੇ, ਮਹਿਸੂਸ ਕਰ ਕੇ, ਵਿਸਵਾਸ਼ ਕਰ ਕੇ,

ਆਪਣੇ ਮਨੁੱਖਾ ਜੀਵਨ ਦੇ ਵਰਤਮਾਨ ਜੀਵਨ ਵਿੱਚ ਆਪਣਾ ਮਨੁੱਖਾ ਜੀਵਨ ਨੂੰ ਅਰਥ ਭਰਪੂਰ ਬਨਾਉਣਾ ਹੈ।

. ਆਪਣੀਆਂ ਬਣਦੀਆਂ ਜਿੰਮੇਵਾਰੀਆਂ (ਨਿਜ਼ੀ, ਪ੍ਰੀਵਾਰਕ, ਸਮਾਜਿੱਕ, ਧਾਰਮਿੱਕ) ਨੂੰ ਸਮਝਣਾ ਹੈ ਅਤੇ ਨਿਭਾਉਂਣਾ ਹੈ।

. ਪੂਜਾਰੀ ਨੇ ਆਪਣੇ ਵਲੋਂ ਜਿਹੜਾ (ਅਕਾਲ-ਪੁਰਖ, ਕਰਤਾ-ਕਰਤਾਰ, ਰੱਬ, ਭਗਵਾਨ) ਬਨਾਉਣਾ ਕੀਤਾ ਹੈ,

. ਉਸਦਾ ਵਯੂਦ-ਆਸਤਿੱਵ ਹੈ, ਤਾਂ ਹੀ ਤਾਂ ਪੂਜਾਰੀ ਨੇ 'ਰੱਬ' ਦੇ ਡਰ ਦਾ ਭੰਬਲਭੂਸਾ/ਹਊਆ ਖੜਾ ਕੀਤਾ ਹੈ।।

. ਉਹ ਕਿਸੇ ਸੱਤਵੇਂ ਆਕਾਸ਼ ਉੱਪਰ ਰਹਿੰਦਾ ਹੈ।

. ਉਸਦਾ ਕੋਈ ਦਰਬਾਰ ਹੈ, ਸਵਰਗ ਨਰਕ ਹੈ।

. ਉਹ ਖੁਸ਼ ਹੋ ਜਾਏ ਤਾਂ ਮਨੁੱਖ ਦੇ ਵਾਰੇ-ਨਿਆਰੇ ਹਨ, ਵਰਨਾ ਦੁਖ-ਦਰਦ ਤਕਲੀਫਾਂ ਹਨ, ਪਰੇਸ਼ਾਨੀਆਂ ਹਨ।

. ਉਹ ਸਾਰੇ ਮਾਨੁੱਖਾਂ-ਜੀਵਾਂ-ਜੰਤਾਂ ਦਾ ਲੇਖਾ ਜੋਖਾ ਰੱਖਦਾ ਹੈ, ਅਤੇ ਜੀਵਾਂ ਦੇ ਚੰਗੇ-ਮਾੜੇ ਕਰਮਾਂ ਅਨੁਸਾਰ ਜੀਵਾਂ/ਮਨੁੱਖਾਂ ਨੂੰ ਸਵਰੱਗ ਅਤੇ ਨਰਕ ਦੀਆਂ ਸਜਾਵਾਂ ਵੀ ਦਿੰਦਾ ਹੈ।

. ਇਸੇ ਡਰ ਦੇ ਕਾਰਨ ਮਨੁੱਖ ਨੇ (ਅਕਾਲ-ਪੁਰਖ, ਕਰਤਾ-ਕਰਤਾਰ, ਰੱਬ) ਨੂੰ ਰੀਝਾਉਣ/ਪਾਉਣ/ਖੁਸ਼ ਕਰਨ ਦੇ ਤਰਾਂ-ਤਰਾਂ ਦੇ ਤੀਰਥ-ਸਥੱਲ, ਧਾਰਮਿੱਕ ਅਸਥਾਨ ਬਣਾ ਲਏ।




. ਇਹ ਪੁਜਾਰੀ ਦੀ ਸ਼ਾਤਿਰ ਚਾਲਾਕੀ ਭਰੀ ਚਾਲ ਸੀ, ਆਪਣੀ ਦੁਕਾਨਦਾਰੀ ਚਮਕਾਉਣ/ਚਲਾਉਣ ਦੀ।

. ਸਨਾਤਨ ਮੱਤ ਵਿੱਚ ਤਾਂ ਪੁਜਾਰੀ ਦੇ ਬਣਾਏ ਹਜ਼ਾਰਾਂ ਹੀ ਤੀਰਥ-ਸਥੱਲ ਹਨ, ਮੰਦਿਰ ਹਨ, ਜਿਥੇ ਜਾ ਕੇ ਮਨੁੱਖ ਨੂੰ ਆਪਣੇ (ਭਗਵਾਨ, ਅਕਾਲ-ਪੁਰਖ, ਕਰਤਾ-ਕਰਤਾਰ, ਰੱਬ) ਨੂੰ ਖੁਸ਼ ਕਰਨ ਲਈ ਜਾਣਾ ਪੈਂਦਾ ਹੈ। ਮਨੁੱਖ 'ਡਰ' ਦੇ ਤਹਿਤ ਫਿਰ ਸੁੱਖਾਂ ਸੁੱਖਦਾ ਹੈ, ਮੰਨਤਾਂ ਮੰਨਦਾ ਹੈ, ਤੀਰਥ ਯਾਤਰਾਵਾਂ ਕਰਦਾ ਹੈ, ਬਲੀਆਂ ਦਿੰਦਾ ਹੈ।

. ਸਿੱਖ ਸਮਾਜ ਵਿੱਚ ਵੀ ਇਸੇ ਤਨਾਤਨੀ ਮੱਤ ਦੀ ਤਰਜ਼ ਉੱਪਰ ਕਰਮਕਾਂਡ ਕੀਤੇ ਜਾਂਦੇ ਹਨ।

. ਲੋਕ ਸੁੱਖਾਂ ਸੁੱਖਦੇ ਹਨ,

. ਮੰਨਤਾਂ ਮੰਨਦੇ ਹਨ,

. ਸਹਿਜ-ਪਾਠ, ਅਖੰਡ-ਪਾਠ, ਸੰਪਟ-ਪਾਠ, ਮਹਾਂ-ਸੰਪਟਪਾਠ, ਦੁੱਖ

ਦਰਦ ਨਿਵਾਰਨ ਸੰਪਟਪਾਠ, ਕੋਤਰੀਆਂ, ਚੁੱਪ-ਪਾਠ. . ਆਦਿ।

. ਡੇਰੇਦਾਰਾਂ ਟਕਸਾਲੀਆਂ ਨੇ ਤਾਂ ਲੋਕਾਂ ਤੋਂ ਲੁੱਟ-ਖਸੁੱਟ ਕਰਨ ਲਈ ਅਨੇਕਾਂ ਤਰਾਂ ਦੇ ਪਾਠਾਂ ਦੇ ਰੂਪ ਤਿਆਰ ਕਰ ਰੱਖੇ ਹਨ, ਜਿਹਨਾਂ ਤਹਿਤ ਰੱਜ ਕੇ ਲੋਕਾਂ ਨੂੰ ਲੁਟਿਆ ਜਾਂਦਾ ਹੈ।

. ਅੰਧ ਭਗਤਾਂ ਨੂੰ ਪ੍ਰਾਪਤੀ ਤਾਂ ਕੁੱਝ ਵੀ ਨਹੀਂ ਹੁੰਦੀ, ਬੱਸ ਮਨ ਨੂੰ ਪੱਠੇ ਪੈ ਜਾਂਦੇ ਹਨ ਕਿ ਮੈਂ/ਅਸੀਂ 'ਰੱਬ' ਨੂੰ ਰੀਝਾਉਂਣ/ਪਾਉਂਣ ਲਈ ਕਰਮਕਾਂਡ ਕਰ ਕਰਾ ਲਿਆ ਹੈ।

.'ਧਰਮ' ਦੇ ਨਾਮ ਥੱਲੇ ਅਜੇਹੀਆਂ ਦੁਕਾਨਦਾਰੀਆਂ-ਧੰਧੇ ਚਲੀ ਜਾ ਰਹੇ ਹਨ, ਪਰ ਮਨੁੱਖ ਦੇ ਪੱਲੇ ਕੁੱਝ ਨਹੀਂ ਪੈ ਰਿਹਾ, ਅਤੇ ਨਾ ਹੀ ਪੈਣਾ ਹੈ।

. ਨਾ ਹੀ ਅਜੇਹੀਆਂ ਕਰਮਕਾਂਡੀ ਗਤੀ ਵਿਧੀਆਂ ਨਾਲ ਕਿਸੇ (ਭਗਵਾਨ,

ਅਕਾਲ-ਪੁਰਖ, ਕਰਤਾ-ਕਰਤਾਰ, ਰੱਬ) ਨੇ ਮਿਲਣਾ ਹੈ, ਪ੍ਰਾਪਤ ਹੋਣਾ

ਹੈ।

. (ਭਗਵਾਨ, ਅਕਾਲ-ਪੁਰਖ, ਕਰਤਾ-ਕਰਤਾਰ, ਰੱਬ) ਸਿਰਫ ਗਿਆਨ ਦਾ ਵਿਸ਼ਾ ਹੈ, ਸਮਝ ਦਾ ਵਿਸ਼ਾ ਹੈ।

. ਉਸਨੂੰ ਲੱਭਣ-ਲਭਾਉਣ ਦੇ ਚੱਕਰਾਂ ਵਿੱਚ ਪੈਣਾ ਨਿਰੀ ਬੇਵਕੂਫੀ, ਨਾਦਾਨੀ, ਅਗਿਆਨਤਾ, ਮੂਰਖਤਾ, ਸਮੇਂ ਦੀ ਬਰਬਾਦੀ ਹੈ।




ਧੰਨਵਾਧ।

ਇੰਜ ਦਰਸਨ ਸਿੰਘ ਖਾਲਸਾ

29 ਫਰਬਰੀ 2020

ਸਿੱਡਨੀ ਅਸਟਰੇਲੀਆ